Australian Government

Workforce Australia

ਸਵੈ-ਰੁਜ਼ਗਾਰ

# ਛੋਟਾ ਕਾਰੋਬਾਰ ਸ਼ੁਰੂ ਕਰਨ ਅਤੇ ਚਲਾਉਣ ਵਿੱਚ ਲੋਕਾਂ ਦੀ ਮੱਦਦ ਕਰਨਾ

## ਸਵੈ-ਰੁਜ਼ਗਾਰ ਸਹਾਇਤਾ

**ਸਵੈ-ਰੁਜ਼ਗਾਰ ਸਹਾਇਤਾ ਇੱਕ ਛੋਟਾ ਕਾਰੋਬਾਰ ਸ਼ੁਰੂ ਕਰਨ ਅਤੇ ਚਲਾਉਣ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ।**

ਸਵੈ-ਰੁਜ਼ਗਾਰ ਸਹਾਇਤਾ ਤੁਹਾਡੀ ਮੱਦਦ ਕਰ ਸਕਦੀ ਹੈ:

- ਸਵੈ-ਰੁਜ਼ਗਾਰ ਹੋਣ ਬਾਰੇ ਵਿਚਾਰ ਕਰਨ ਵਿੱਚ
- ਕਿਸੇ ਕਾਰੋਬਾਰੀ ਵਿਚਾਰ ਬਾਰੇ ਫ਼ੈਸਲਾ ਕਰਨ ਅਤੇ ਇਹ ਜਾਂਚ ਕਰਨ ਵਿੱਚ ਕਿ ਕੀ ਇਹ ਕੰਮ ਕਰੇਗਾ ਜਾਂ ਨਹੀਂ
- ਕਾਰੋਬਾਰੀ ਯੋਜਨਾ ਤਿਆਰ ਕਰਨ ਵਿੱਚ
- ਕਾਰੋਬਾਰ ਨੂੰ ਖੜ੍ਹਾ ਕਰਨ ਅਤੇ ਚਲਾਉਣ ਵਿੱਚ, ਜਾਂ
- ਇਸ ਨੂੰ ਵਿਹਾਰਕ ਰੱਖਣ ਲਈ ਆਪਣੇ ਕਾਰੋਬਾਰ ਵਿੱਚ ਫੇਰ-ਬਦਲ ਕਰਨ ਵਿੱਚ



## ਸਵੈ-ਰੁਜ਼ਗਾਰ ਸਹਾਇਤਾ ਕੀ ਪੇਸ਼ਕਸ਼ ਕਰਦੀ ਹੈ

**ਸਵੈ-ਰੁਜ਼ਗਾਰ ਸਹਾਇਤਾ 6 ਮੁਫ਼ਤ ਸੇਵਾਵਾਂ ਦੀ ਪੇਸ਼ਕਸ਼ ਕਰਦੀ ਹੈ। ਤੁਸੀਂ ਉਹ ਸਾਰੀਆਂ ਸੇਵਾਵਾਂ ਲੈ ਸਕਦੇ ਹੋ ਜਾਂ ਸਿਰਫ਼ ਉਨ੍ਹਾਂ ਨੂੰ ਚੁਣ ਸਕਦੇ ਹੋ ਜੋ ਤੁਸੀਂ ਲੈਣਾ ਚਾਹੁੰਦੇ ਹੋ।**

**ਸਵੈ-ਰੁਜ਼ਗਾਰ ਵਰਕਸ਼ਾਪਾਂ ਦੀ ਪੜਚੋਲ ਕਰਨਾ** ਇਹ ਤੁਹਾਨੂੰ ਸਵੈ-ਰੁਜ਼ਗਾਰ ਬਾਰੇ ਜਾਣਕਾਰੀ ਦਿੰਦੀਆਂ ਹਨ, ਅਤੇ ਫਿਰ ਕਾਰੋਬਾਰ ਕਰਨ ਦੇ ਤਰੀਕੇ ਪੈਦਾ ਕਰਨ ਅਤੇ ਉਨ੍ਹਾਂ ਨੂੰ ਪਰਖਣ ਵਿੱਚ ਤੁਹਾਡੀ ਮੱਦਦ ਕਰਦੀਆਂ ਹਨ।

ਇਹਨਾਂ ਵਰਕਸ਼ਾਪਾਂ ਵਿੱਚ ਆਮ ਤੌਰ 'ਤੇ ਇੱਕ ਜਾਂ ਦੋ ਹਫ਼ਤਿਆਂ ਵਿਚਕਾਰ 5 ਸੈਸ਼ਨ ਸ਼ਾਮਲ ਹੁੰਦੇ ਹਨ। ਇਹ ਵਰਕਸ਼ਾਪਾਂ ਤੁਹਾਨੂੰ ਇਸ ਬਾਰੇ ਇੱਕ ਸੂਚਿਤ ਫ਼ੈਸਲਾ ਲੈਣ ਵਿੱਚ ਮੱਦਦ ਕਰਨਗੀਆਂ ਕਿ ਕੀ ਤੁਸੀਂ ਸਵੈ-ਰੁਜ਼ਗਾਰ ਨੂੰ ਅੱਗੇ ਵਧਾਉਣਾ ਚਾਹੁੰਦੇ ਹੋ ਜਾਂ ਨਹੀਂ।

**ਛੋਟੇ ਕਾਰੋਬਾਰਾਂ ਲਈ ਸਿਖਲਾਈ** ਤੁਹਾਨੂੰ ਉਹ ਹੁਨਰ ਪ੍ਰਦਾਨ ਕਰਦੀ ਹੈ ਜੋ ਤੁਹਾਨੂੰ ਇੱਕ ਛੋਟਾ ਕਾਰੋਬਾਰ ਸ਼ੁਰੂ ਕਰਨ ਅਤੇ ਚਲਾਉਣ ਲਈ ਲੋੜੀਂਦੇ ਹਨ। ਤੁਸੀਂ ਮਾਨਤਾ ਪ੍ਰਾਪਤ ਸਿਖਲਾਈ ਲੈ ਸਕਦੇ ਹੋ ਅਤੇ ਉੱਦਮਤਾ ਅਤੇ ਨਵੇਂ ਕਾਰੋਬਾਰ ਵਿੱਚ ਕੋਈ ਛੋਟਾ ਸਕਿੱਲ ਸੈੱਟ ਜਾਂ ਲੰਬਾ ਸਰਟੀਫ਼ਿਕੇਟ III ਜਾਂ IV ਕਰਨਾ ਚੁਣ ਸਕਦੇ ਹੋ।

**ਕਾਰੋਬਾਰੀ ਯੋਜਨਾ ਵਿਕਾਸ** ਤੁਹਾਡੇ ਕਾਰੋਬਾਰ ਨੂੰ ਕਾਮਯਾਬ ਕਰਨ ਵਿੱਚ ਮੱਦਦ ਕਰਨ ਲਈ ਇੱਕ ਚੱਲਣਯੋਗ ਕਾਰੋਬਾਰੀ ਯੋਜਨਾ ਤਿਆਰ ਕਰਨ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ। ਵਿਸਥਾਰਪੂਰਵਕ ਕਾਰੋਬਾਰੀ ਯੋਜਨਾ ਸਫ਼ਲਤਾ ਲਈ ਰਣਨੀਤੀਆਂ ਦੀ ਪਛਾਣ ਕਰਨ ਵਿੱਚ ਤੁਹਾਡੀ ਮੱਦਦ ਕਰੇਗੀ ਅਤੇ ਭਵਿੱਖ ਵਿੱਚ 2 ਸਾਲਾਂ ਲਈ ਤੁਹਾਡੇ ਕਾਰੋਬਾਰ ਦੇ ਨਕਦ ਪ੍ਰਵਾਹ ਬਾਰੇ ਭਵਿੱਖਬਾਣੀ ਕਰੇਗੀ। ਫਿਰ ਤੁਹਾਡਾ ਸਵੈ-ਰੁਜ਼ਗਾਰ ਸਹਾਇਤਾ ਪ੍ਰਦਾਤਾ ਤੁਹਾਡੀ ਕਾਰੋਬਾਰੀ ਯੋਜਨਾ ਦਾ ਮੁਲਾਂਕਣ ਕਰ ਸਕਦਾ ਹੈ ਅਤੇ ਤੁਹਾਡੇ ਕਾਰੋਬਾਰ ਦੀ ਸੰਭਾਵਿਤ ਚੱਲਣਯੋਗਤਾ 'ਤੇ ਨਿਰਪੱਖ ਫੀਡਬੈਕ ਪ੍ਰਦਾਨ ਕਰ ਸਕਦਾ ਹੈ।

।**ਕਾਰੋਬਾਰੀ ਸਲਾਹ ਸੈਸ਼ਨ** ਤੁਹਾਡੇ ਕਾਰੋਬਾਰੀ ਵਿਚਾਰ ਜਾਂ ਮੌਜੂਦਾ ਕਾਰੋਬਾਰ ਨਾਲ ਸੰਬੰਧਿਤ ਟੀਚਾਗਤ ਸਲਾਹ ਦੇ ਸਕਦੇ ਹਨ। ਹਰੇਕ ਸੈਸ਼ਨ ਨੂੰ ਇੱਕ ਘੰਟੇ ਦੇ ਅੰਦਰ ਡਿਲੀਵਰ ਕੀਤਾ ਜਾਂਦਾ ਹੈ, ਅਤੇ ਤੁਸੀਂ ਇੱਕ ਸਾਲ ਵਿੱਚ ਵੱਧ ਤੋਂ ਵੱਧ 2 ਸੈਸ਼ਨਾਂ ਤੱਕ ਪਹੁੰਚ ਕਰ ਸਕਦੇ ਹੋ।

**ਕਾਰੋਬਾਰ ਦੀ ਸਿਹਤ ਜਾਂਚ** ਕਾਰੋਬਾਰੀ ਮਾਲਕਾਂ ਨੂੰ ਇਹ ਮੁਲਾਂਕਣ ਕਰਨ ਵਿੱਚ ਮੱਦਦ ਕਰ ਸਕਦੀ ਹੈ ਕਿ ਉਹਨਾਂ ਦਾ ਮੌਜੂਦਾ ਕਾਰੋਬਾਰ ਆਪਣੀ ਚੱਲਣਯੋਗਤਾ ਨੂੰ ਸੁਧਾਰਨ ਦੇ ਤਰੀਕੇ ਲੱਭਣ ਲਈ ਕਿਵੇਂ ਜਾ ਰਿਹਾ ਹੈ।

ਕਾਰੋਬਾਰ ਦੀ ਸਿਹਤ ਜਾਂਚ ਇੱਕ-ਨਾਲ-ਇੱਕ ਵਿਅਕਤੀ ਸੈਸ਼ਨ ਵਿੱਚ 3 ਘੰਟਿਆਂ ਵਿੱਚ ਦਿੱਤੀ ਜਾਂਦੀ ਹੈ, ਅਤੇ ਤੁਸੀਂ ਹਰ ਸਾਲ ਇੱਕ ਵਾਰ ਕਾਰੋਬਾਰੀ ਸਿਹਤ ਜਾਂਚ ਲਈ ਪਹੁੰਚ ਕਰ ਸਕਦੇ ਹੋ।

**ਛੋਟੇ ਕਾਰੋਬਾਰਾਂ ਲਈ ਕੋਚਿੰਗ** 12 ਮਹੀਨਿਆਂ ਤੱਕ ਵਪਾਰਕ ਸਲਾਹ ਪ੍ਰਦਾਨ ਕਰਦੀ ਹੈ। ਇੱਕ ਸਾਲ ਭਰ ਦੇ ਦੌਰਾਨ, ਤੁਸੀਂ ਇੱਕ ਕਾਰੋਬਾਰੀ ਸਲਾਹਕਾਰ ਨਾਲ ਸੰਪਰਕ ਵਿੱਚ ਹੋਵੋਗੇ ਜੋ ਤੁਹਾਨੂੰ ਮਾਰਗਦਰਸ਼ਨ, ਕੋਚਿੰਗ ਅਤੇ ਹੋਰ ਕਾਰੋਬਾਰੀ ਸਹਾਇਤਾ ਦੇਣ ਲਈ ਤੁਹਾਡੇ ਨਾਲ ਸੰਪਰਕ ਵਿੱਚ ਰਹੇਗਾ।

ਤੁਸੀਂ ਆਪਣੇ ਯੋਗ ਵਪਾਰਕ ਖ਼ਰਚਿਆਂ (ਜਿਵੇਂ ਕਿ ਵਪਾਰਕ ਬੀਮੇ) ਵਿੱਚ ਸਹਾਇਤਾ ਕਰਨ ਲਈ $300 ਦੀ ਰਾਸ਼ੀ ਵੀ ਪ੍ਰਾਪਤ ਕਰ ਸਕਦੇ ਹੋ। ਜੇਕਰ ਤੁਸੀਂ ਯੋਗ ਹੋ, ਤਾਂ ਤੁਸੀਂ 39 ਹਫ਼ਤਿਆਂ ਤੱਕ ਸਵੈ-ਰੁਜ਼ਗਾਰ ਭੱਤਾ ਅਤੇ 26 ਹਫ਼ਤਿਆਂ ਤੱਕ ਸਵੈ-ਰੁਜ਼ਗਾਰ ਲਈ ਕਿਰਾਏਦਾਰੀ ਸਹਾਇਤਾ ਵੀ ਪ੍ਰਾਪਤ ਕਰ ਸਕਦੇ ਹੋ।

ਇਹਨਾਂ ਸੇਵਾਵਾਂ ਬਾਰੇ ਹੋਰ ਜਾਣਕਾਰੀ ਲਈ, www.workforceaustralia.gov.au/individuals/training/activities/self-employment-assistance 'ਤੇ ਜਾਓ।

## ਸਵੈ-ਰੁਜ਼ਗਾਰ ਸਹਾਇਤਾ ਤੱਕ ਕੌਣ ਪਹੁੰਚ ਕਰ ਸਕਦਾ ਹੈ

ਸਵੈ-ਰੁਜ਼ਗਾਰ ਸਹਾਇਤਾ ਤੱਕ ਪਹੁੰਚ ਕਰਨ ਦੇ ਯੋਗ ਹੋਣ ਲਈ ਇਹ ਲਾਜ਼ਮੀ ਹੈ ਕਿ:

- ਤੁਸੀਂ ਘੱਟੋ-ਘੱਟ 15 ਸਾਲ ਦੀ ਉਮਰ ਦੇ ਹੋ (ਇਹ ਨੋਟ ਕਰੋ ਕਿ ਛੋਟੇ ਕਾਰੋਬਾਰਾਂ ਲਈ ਕੋਚਿੰਗ ਤੱਕ ਪਹੁੰਚ ਕਰਨ ਲਈ ਵਿਅਕਤੀ ਦੀ ਉਮਰ 18 ਸਾਲ ਹੋਣੀ ਲਾਜ਼ਮੀ ਹੈ)
- .
  - ਤੁਸੀਂ ਆਸਟ੍ਰੇਲੀਆ ਦੇ ਨਾਗਰਿਕ ਹੋ, ਜਾਂ
  - ਜਾਂ ਇੱਕ ਸਥਾਈ ਵੀਜ਼ਾ ਧਾਰਕ ਹੋ, ਜਾਂ ਕੋਈ ਨਾਮਜ਼ਦ ਵੀਜ਼ਾ ਧਾਰਕ ਹੋ (ਜਿਸ ਵਿੱਚ ਨਿਊਜ਼ੀਲੈਂਡ ਵਿਸ਼ੇਸ਼ ਸ਼੍ਰੇਣੀ ਵੀਜ਼ਾ, ਅਸਥਾਈ ਸੁਰੱਖਿਆ ਵੀਜ਼ਾ ਧਾਰਕ ਅਤੇ ਸੇਫ਼ ਹੈਵਨ ਵੀਜ਼ਾ ਧਾਰਕ ਸ਼ਾਮਿਲ ਹਨ)
- ਤੁਹਾਡਾ ਅਣ-ਡਿਸ਼ਚਾਰਜਡ ਦੀਵਾਲੀਆ ਨਹੀਂ ਹੋਣਾ ਲਾਜ਼ਮੀ ਹੈ।
- ਉਹਨਾਂ ਦੁਆਰਾ ਚੁਣੀ ਗਈ ਸੇਵਾ (ਸੇਵਾਵਾਂ) ਲਈ ਕਿਸੇ ਵੀ ਵਾਧੂ ਯੋਗਤਾ ਦੇ ਮਾਪਦੰਡ ਨੂੰ ਪੂਰਾ ਕਰਨਾ ਲਾਜ਼ਮੀ ਹੈ, ਜਿਸ ਵਿੱਚ ਸੰਬੰਧਿਤ ਸੇਵਾ ਲਈ ਉਸ ਚੈਪਟਰ ਵਿਚਲੇ ਹਰੇਕ ਮਾਪਦੰਡ ਸ਼ਾਮਲ ਹਨ।

ਜੇਕਰ ਤੁਸੀਂ ਪਹਿਲਾਂ ਹੀ ਸਵੈ-ਰੁਜ਼ਗਾਰ ਕਰਦੇ ਹੋ ਜਾਂ ਤੁਹਾਡੇ ਕੋਲ ਕੋਈ ਕਾਰੋਬਾਰ ਚਲਾਉਣ ਦਾ ਵਿਚਾਰ ਹੈ, ਤਾਂ ਤੁਹਾਡਾ ਸਥਾਨਕ ਸਵੈ-ਰੁਜ਼ਗਾਰ ਸਹਾਇਤਾ ਪ੍ਰਦਾਤਾ ਇਹ ਮੁਲਾਂਕਣ ਕਰਨ ਲਈ ਤੁਹਾਡੇ ਨਾਲ ਕੰਮ ਕਰੇਗਾ ਕਿ ਕੀ ਤੁਹਾਡਾ ਕਾਰੋਬਾਰ ਜਾਂ ਕਾਰੋਬਾਰ ਦਾ ਵਿਚਾਰ ਯੋਗਤਾ ਰੱਖਦਾ ਹੈ।

## ਪ੍ਰਦਾਤਾ ਨੂੰ ਕਿਵੇਂ ਲੱਭਣਾ ਹੈ

ਤੁਸੀਂ ਵਰਕਫੋਰਸ ਆਸਟ੍ਰੇਲੀਆ ਦੀ ਵੈੱਬਸਾਈਟ www.workforceaustralia.gov.au/individuals/coaching/providers 'ਤੇ ਪ੍ਰਦਾਤਾਵਾਂ ਦੀ ਸੂਚੀ ਲੱਭ ਸਕਦੇ ਹੋ।

## ਵਧੇਰੇ ਜਾਣਕਾਰੀ ਲਈ

ਸਵੈ-ਰੁਜ਼ਗਾਰ ਸਹਾਇਤਾ ਬਾਰੇ ਹੋਰ ਜਾਣਕਾਰੀ ਲਈ www.workforceaustralia.gov.au/individuals/coaching/starting-business 'ਤੇ ਜਾਓ।

ਵਿਕਲਪਕ ਤੌਰ 'ਤੇ, ਤੁਸੀਂ ਡਿਪਾਰਟਮੈਂਟ ਆਫ਼ ਇੰਪਲਾਇਮੈਂਟ ਐਂਡ ਵਰਕਪਲੇਸ ਰਿਲੇਸ਼ਨਜ਼ ਨੈਸ਼ਨਲ ਗਾਹਕ ਸੇਵਾ ਲਾਈਨ ਨੂੰ **1800 805 260** 'ਤੇ ਫ਼ੋਨ ਕਰ ਸਕਦੇ ਹੋ।

## ਛੋਟੇ ਕਾਰੋਬਾਰਾਂ ਦੀ ਮੱਦਦ ਕਰਨ ਲਈ ਹੋਰ ਸਰੋਤ

- **SelfStart** ਔਨਲਾਈਨ ਹੱਬ ਇੱਕ ਕਾਰੋਬਾਰ ਸ਼ੁਰੂ ਕਰਨ ਦੇ ਪਹਿਲੇ ਪੜਾਵਾਂ ਵਿੱਚ ਲੋਕਾਂ ਨੂੰ ਮਾਰਗਦਰਸ਼ਨ ਕਰਨ ਲਈ ਜਾਣਕਾਰੀ ਪ੍ਰਦਾਨ ਕਰਦਾ ਹੈ। ਵਰਕਫੋਰਸ ਆਸਟ੍ਰੇਲੀਆ ਦੀ ਵੈੱਬਸਾਈਟ www.workforceaustralia.gov.au/individuals/coaching/starting-business/guides 'ਤੇ SelfStart ਬਾਰੇ ਹੋਰ ਜਾਣੋ।
- **'ਕਾਰੋਬਾਰ ਸ਼ੁਰੂ ਕਰ ਰਹੇ ਹੋ' ਗਾਈਡ** ਇੱਕ ਕਦਮ-ਦਰ-ਕਦਮ ਟੂਲ ਹੈ ਜੋ ਕਾਰੋਬਾਰ ਸ਼ੁਰੂ ਕਰਨ ਵੇਲੇ ਨਵੇਂ ਕਾਰੋਬਾਰੀ ਮਾਲਕਾਂ ਨੂੰ ਇਹ ਸਮਝਣ ਵਿੱਚ ਮੱਦਦ ਕਰਦਾ ਹੈ ਕਿ ਅੱਗੇ ਕੀ ਹੋਵੇਗਾ। ਤੁਸੀਂ business.gov.au/Guide/Starting 'ਤੇ ਜਾ ਕੇ ਇਸ ਤੱਕ ਪਹੁੰਚ ਕਰ ਸਕਦੇ ਹੋ।

## ਜੇਕਰ ਤੁਹਾਨੂੰ ਇਸ ਤੱਥ ਸ਼ੀਟ ਨਾਲ ਮੱਦਦ ਦੀ ਲੋੜ ਹੈ

ਜੇਕਰ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ **131 450** 'ਤੇ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ ਫ਼ੋਨ ਕਰੋ ਅਤੇ **1800 805 260 'ਤੇ ਰਾਸ਼ਟਰੀ ਗਾਹਕ ਸੇਵਾ ਲਾਈਨ ਦੀ ਮੰਗ ਕਰੋ, ਜਾਂ** www.tisnational.gov.au 'ਤੇ ਜਾਓ।

ਜੇ ਤੁਸੀਂ ਬੋਲ਼ੇ ਹੋ, ਜਾਂ ਸੁਣਨ ਜਾਂ ਬੋਲਣ ਸੰਬੰਧੀ ਕਮਜ਼ੋਰੀ ਹੈ, ਤਾਂ ਤੁਸੀਂ ਨੈਸ਼ਨਲ ਰੀਲੇਅ ਸੇਵਾ ਦੀ ਵਰਤੋਂ ਕਰ ਸਕਦੇ ਹੋ। ਵਧੇਰੇ ਜਾਣਕਾਰੀ ਲਈ, www.infrastructure.gov.au/national-relay-service 'ਤੇ ਜਾਓ।

